14 ਅਪ੍ਰੈਲ, 2020

ਪਿਆਰੇ ਮਾਰਾ-ਪਿਤਾ ਅਤੇ ਸਰਪ੍ਰਸਤੋ,

ਜਿਵੇਂ ਅਸੀਂ ਟੋਰੋਂਟੋ ਡਿਸਟ੍ਰਿਕਟ ਸਕੂਲ ਬੋਰਡ ਵਿੱਚ ਰਿਮੋਟ ਸਿੱਖਿਆ ਦੇ ਦੂਸਰੇ ਹਫਤੇ ਵਿੱਚ ਦਾਖਲ ਹੁੰਦੇ ਹਾਂ, ਮੈਂ ਤੁਹਾਨੂੰ ਤੁਹਾਡੀ ਸਹਿਭਾਗਤਾ ਅਤੇ ਧੀਰਜ ਲਈ ਧੰਨਵਾਦ ਕਹਿਣਾ ਚਾਹੁੰਦਾ ਹਾਂ ਜਿਵੇਂ ਅਸੀਂ ਵਿਦਿਆਰਥੀਆਂ ਅਤੇ ਸਿੱਖਿਅਕਾਂ ਨੂੰ ਆਮ੍ਹੋ-ਸਾਮ੍ਹਣੇ ਤੋਂ ਰਿਮੋਟ ਪੜ੍ਹਾਈ ਵਿੱਚ ਤਬਦੀਲੀ ਕਰਨ ਵਿੱਚ ਸਹਾਇਤਾ ਕਰਦੇ ਹਾਂ।

ਸੰਭਵ ਹੈ ਕਿ ਤੁਹਾਡੇ ਵਿੱਚੋਂ ਬਹੁਤ ਸਾਰੇ ਲੋਕਾਂ ਨੇ ਸੁਣਿਆ ਹੋਵੇਗਾ ਕਿ ਪ੍ਰੀਮੀਅਰ ਡੱਗ ਫੋਰਡ ਨੇ ਅੱਜ ਘੋਸ਼ਣਾ ਕੀਤੀ ਕਿ ਪਹਿਲਾਂ ਦੱਸੇ ਅਨੁਸਾਰ ਵਿਦਿਆਰਥੀ 4 ਮਈ ਨੂੰ ਸਕੂਲ ਵਾਪਸ ਨਹੀਂ ਪਰਤਣਗੇ। ਉਨ੍ਹਾਂ ਨੇ ਜ਼ੋਰ ਦਿੱਤਾ ਕਿ ਇਸਦਾ ਮਤਲਬ ਇਹ ਨਹੀਂ ਹੈ ਕਿ ਸਕੂਲੀ ਸਾਲ ਰੱਦ ਹੋ ਗਿਆ ਹੈ ਅਤੇ ਇਹ ਕਿ ਸਿੱਖਿਆ ਮੰਤਰਾਲੇ ਆਉਣ ਵਾਲੇ ਦਿਨਾਂ ਵਿੱਚ ਹੋਰ ਵੇਰਵੇ ਮੁਹੱਈਆ ਕਰੇਗਾ। ਜਿਵੇਂ ਹੀ ਸਾਨੂੰ ਹੋਰ ਪਤਾ ਲਗੇਗਾ ਅਤੇ ਸਾਡੇ ਕੋਲ ਸਾਂਝੇ ਕਰਨ ਲਈ ਵੇਰਵੇ ਹੋਣਗੇ, ਅਸੀਂ ਅਜਿਹਾ ਕਰਾਂਗੇ।

ਅਸੀਂ ਜਾਣਦੇ ਹਾਂ ਕਿ ਪਰਿਵਾਰਾਂ ਦੇ ਬਹੁਤ ਸਾਰੇ ਪ੍ਰਸ਼ਨ ਹਨ ਅਤੇ ਉਹ ਇਸ ਵੇਲੇ ਕਈ ਚੁਣੌਤੀਆਂ ਦਾ ਸਾਮ੍ਹਣਾ ਕਰ ਰਹੇ ਹਨ ਅਤੇ ਸਾਡਾ ਸਟਾਫ ਜਿੰਨ੍ਹਾਂ ਸੰਭਵ ਹੋਏ ਸਹਾਇਕ ਹੋਣਾ ਚਾਹੁੰਦਾ ਹੈ। ਨਤੀਜੇ ਵਜੋਂ, ਸਿੱਖਿਅਕ ਪਰਿਵਾਰਾਂ ਦੇ ਨਾਲ ਵੱਖ ਵੱਖ ਢੰਗ ਨਾਲ ਜੁੜਦੇ ਹਨ, ਜਿਵੇਂ ਕਿ ਗੂਗਲ ਕਲਾਸਰੂਮ (Google Classroom) ਜਾਂ ਬਰਾਇਟਸਪੇਸ (Brightspace) ਵਰਗੇ ਸੌਫਟਵੇਅਰ ਪਲੈਟਫਾਰਮ, ਜਾਂ ਈਮੇਲ, ਫੋਨ ਜਾਂ ਸਿੱਧੀ ਡਾਕ ਰਾਹੀਂ ਵੀ।

ਜਿਵੇਂ ਅਸੀਂ ਪਿਛਲੇ ਦੋ ਹਫਤਿਆਂ ਵਿੱਚ ਇਸ ਕਿਰਿਆ ਵਿੱਚੋਂ ਇਕੱਠੇ ਕੰਮ ਕੀਤਾ ਹੈ, ਸਾਨੂੰ ਵਿਦਿਆਰਥੀਆਂ, ਪਰਿਵਾਰਾਂ ਅਤੇ ਸਟਾਫ ਕੋਲੋਂ ਬਹੁਮੁੱਲੀ ਫੀਡਬੈਕ ਪ੍ਰਾਪਤ ਹੋਈ ਹੈ। ਦਿੱਤੇ ਗਏ ਸੁਝਾਅ ਅਤੇ ਸਾਮ੍ਹਣੇ ਲਿਅਉਂਦੀਆਂ ਗਈਆਂ ਚਿੰਤਾਵਾਂ ਵਿਆਪਕ ਤੌਰ ਤੇ ਵੱਖਰੀਆਂ ਹਨ। ਸਾਡੇ ਜਵਾਬ ਨਾਲ ਸਹਾਇਤਾ ਕਰਨ ਲਈ, ਜਿਵੇਂ ਅਸੀਂ ਅਗੇ ਵੱਧਦੇ ਹਾਂ, ਸਾਡੇ ਕੋਲ ਸਾਡੇ ਕੰਮ ਦਾ ਮਾਰਗਦਰਸ਼ਨ ਕਰਨ ਲਈ ਪੰਜ ਅਸੂਲ ਹਨ:

1. ਹਰ ਕਿਸੇ ਦੀ ਸਿਹਤ ਅਤੇ ਕੁਸ਼ਲਤਾ ਨੂੰ ਪ੍ਰਾਥਮਿਕਤਾ ਦੇਣਾ।
2. ਵੱਖ ਵੱਖ ਤਰੀਕਿਆਂ ਨਾਲ ਪੜ੍ਹਾਈ ਨੂੰ ਜਾਰੀ ਰੱਖਣ ਤੇ ਫੋਕਸ ਕਰਨਾ।
3. ਇੱਕ ਦੂਸਰੇ ਨਾਲ ਰਿਸ਼ਤੇ ਅਤੇ ਸੰਬੰਧ ਕਾਇਮ ਰੱਖਣਾ।
4. ਸਾਰੇ ਵਿਦਿਆਰਥੀਆਂ ਨੂੰ ਰੁਝਾਉਣਾ, ਖਾਸ ਕਰਕੇ ਜਿੰਨ੍ਹਾਂ ਨੂੰ ਇਤਿਹਾਸਕ ਤੌਰ ਤੇ ਘੱਟ ਸੇਵਾਵਾਂ ਪ੍ਰਾਪਤ ਹੋਈਆਂ ਹਨ ਅਤੇ ਉਹ ਜਿਹੜੇ ਸੰਭਵ ਹੈ ਵੱਖ ਵੱਖ ਕਾਰਨਾਂ ਕਰਕੇ ਰਿਮੋਟ ਸਿੱਖਿਆ ਵਿੱਚ ਪ੍ਰਭਾਵੀ ਤੌਰ ਤੇ ਭਾਗ ਨਾ ਲੈ ਸਕਣ।
5. ਸਟਾਫ ਦੀ ਸਮਰੱਥਾ ਦਾ ਇਸ ਰਿਮੋਟ ਸਪੇਸ ਵਿੱਚ ਪ੍ਰਭਾਵਸ਼ਾਲੀ ਹੋਣ ਲਈ ਨਿਰਮਾਣ ਕਰਨਾ।

ਕਿਰਪਾ ਕਰਕੇ ਜਾਣੋ ਕਿ ਅਸੀਂ ਹਰੇਕ ਵਿਦਿਆਰਥੀ ਨੂੰ ਘਰ ਵਿੱਚ ਰਿਮੋਟ ਅਤੇ ਸੁਰੱਖਿਅਤ ਢੰਗ ਨਾਲ ਪੜ੍ਹਾਈ ਕਰਨਾ ਜਾਰੀ ਰੱਖਣ ਦਾ ਮੌਕਾ ਮੁਹੱਈਆ ਕਰਨ ਪ੍ਰਤੀ ਵਚਨਬੱਧ ਹਾਂ। ਅਸੀਂ ਸਿੱਖਿਆ ਦੇ ਇਸ ਰਿਮੋਟ ਵਾਤਾਵਰਨ ਵਿੱਚ ਤੁਹਾਡੇ ਬੱਚਿਆਂ ਦੀ ਸਭ ਤੋਂ ਸੰਭਵ ਪ੍ਰਭਾਵਸ਼ਾਲੀ ਢੰਗਾਂ ਨਾਲ ਸੇਵਾ ਕਰਨ ਲਈ ਆਪਣੇ ਸਨੇਹੀ ਸਟਾਫ ਦਾ ਸਮਰਥਨ ਵੀ ਕਰਦੇ ਹਾਂ। ਹਮੇਸ਼ਾ ਵਾਂਗ, ਅਸੀਂ ਆਉਣ ਵਾਲੇ ਸਮੇਂ ਵਿੱਚ ਤੁਹਾਨੂੰ ਅੱਪਡੇਟਿਡ ਰੱਖਣਾ ਜਾਰੀ ਰੱਖਾਂਗੇ। ਹੇਠਾਂ ਤੁਸੀਂ ਇੰਨ੍ਹਾਂ ਬਾਰੇ ਜਾਣਕਾਰੀ ਦੇਖੋਗੇ:

- ਵਿਦਿਆਰਥੀਆਂ ਲਈ ਔਨਲਾਇਨ ਸੁਰੱਖਿਆ
- ਡਿਵਾਇਸਾਂ ਦਾ ਵਿਤਰਨ
- ਫੀਲਡ ਟ੍ਰਿਪ, ਗਰੈਜੁਏਸ਼ਨ ਅਤੇ ਦੂਸਰੇ ਸਮਾਗਮ
- ਸਟਾਫ ਨਾਲ ਸਵਾਲਾਂ ਜਾਂ ਚਿੰਤਾਵਾਂ ਬਾਰੇ ਸੰਪਰਕ ਕਰਨਾ
- ਔਨਲਾਇਨ ਲਰਨਿੰਗ ਪਲੈਟਫਾਰਮ
- ਵਿਦਿਆਰਥੀ ਮੁਲਾਂਕਣ
- ਮਾਨਸਿਕ ਸਿਹਤ ਸੰਬੰਧੀ ਸਾਧਨ

## ਵਿਦਿਆਰਥੀਆਂ ਲਈ ਔਨਲਾਇਨ ਸੁਰੱਖਿਆ

ਇਸ ਸਮੇਂ ਦੌਰਾਨ ਜਦੋਂ ਅਨੇਕ ਵਿਦਿਆਰਥੀਆਂ ਨੂੰ ਵੱਧ ਸਮਾਂ ਔਨਲਾਇਨ ਬਿਤਾਉਣ ਦੀ ਲੋੜ ਹੈ, ਔਨਲਾਇਨ ਸੁਰੱਖਿਆ ਅਮਲਾਂ ਤੇ ਬਲ ਦੇਣਾ ਬਹੁਤ ਮਹੱਤਵਪੂਰਨ ਹੈ। ਇੰਟਰਨੈੱਟ ਸਾਡੇ ਭਾਈਚਾਰਿਆਂ ਲਈ ਸਿੱਖਣ ਅਤੇ ਜੁੜਨ ਦੇ ਅਨੇਕ ਮੌਕੇ ਮੁਹੱਈਆ ਕਰਦਾ ਹੈ, ਪਰ ਇਹ ਨੌਜਵਾਨਾਂ ਨੂੰ ਸਾਇਬਰਬੁਲੀਇੰਗ, ਸੋਸ਼ਲ ਮੀਡੀਆ ਦੀ ਅਨੁਚਿਤ ਵਰਤੋਂ, ਗੁਪਤਤਾ ਸੰਬੰਧੀ ਮੁੱਦਿਆਂ ਅਤੇ ਹੋਰ ਲਈ ਜੋਖਮ ਵਿੱਚ ਵੀ ਪਾ ਸਕਦਾ ਹੈ। ਹੇਠਾਂ ਤੁਹਾਨੂੰ ਆਪਣੇ ਪਰਿਵਾਰ ਦੇ ਨਾਲ ਔਨਲਾਇਨ ਸੁਰੱਖਿਆ ਬਾਰੇ ਚਰਚਾਵਾਂ ਵਿੱਚ ਸਹਾਇਤਾ ਕਰਨ ਲਈ ਜਾਣਕਾਰੀ ਮਿਲੇਗੀ। ਜੇ ਅਸੀਂ ਇਕੱਠੇ ਕੰਮ ਕਰਦੇ ਹਾਂ – ਮਾਤਾ-ਪਿਤਾ/ਸਰਪ੍ਰਸਤ, ਵਿਦਿਆਰਥੀ ਅਤੇ ਸਿੱਖਿਅਕ – ਅਸੀਂ ਆਪਣੇ ਵਿਦਿਆਰਥੀਆਂ ਨੂੰ ਔਨਲਾਇਨ ਖਤਰਿਆਂ ਤੋਂ ਸੁਰੱਖਿਅਤ ਰੱਖਣ ਵਿੱਚ ਸਹਾਇਤਾ ਕਰ ਸਕਦੇ ਹਾਂ।

ਇਹ ਮਾਤਾ-ਪਿਤਾ/ਸਰਪ੍ਰਸਤਾਂ ਅਤੇ ਵਿਦਿਆਰਥੀਆਂ ਲਈ ਕੁਝ ਮੁੱਖ ਔਨਲਾਇਨ ਸੁਰੱਖਿਆ ਸੁਝਾਅ ਹਨ:

- ਵਿਦਿਆਰਥੀਆਂ ਨੂੰ ਕਦੇ ਵੀ ਬਾਲਗਾਂ ਦੀ ਅਨੁਮਤੀ ਤੋਂ ਬਿਨਾਂ ਇੰਟਰਨੈੱਟ ਤੇ ਨਿਜੀ ਜਾਣਕਾਰੀ, ਜਿਵੇਂ ਕਿ ਉਨ੍ਹਾਂ ਦਾ ਫੋਨ ਨੰਬਰ, ਪਤਾ, ਸੋਸ਼ਲ ਇੰਸ਼ੋਰੈਂਸ ਨੰਬਰ, ਜਨਮ ਮਿਤੀ, ਨਿਜੀ ਤਸਵੀਰਾਂ ਜਾਂ ਵਿੱਤੀ ਜਾਣਕਾਰੀ, ਸਾਂਝੀ ਨਹੀਂ ਕਰਨੀ ਚਾਹੀਦੀ;
- ਜੇ ਵਿਦਿਆਰਥੀ ਇੱਕ ਸੁਨੇਹਾ, ਟਿੱਪਣੀ, ਤਸਵੀਰ ਜਾਂ ਔਨਲਾਇਨ ਕੁਝ ਵੀ ਹੋਰ ਅਜਿਹਾ ਦੇਖਦੇ ਹਨ ਜਿਹੜਾ ਉਨਾਂ ਨੂੰ ਆਪਣੀ ਨਿਜੀ ਸੁਰੱਖਿਆ ਲਈ ਚਿੰਤਤ ਕਰਦਾ ਹੈ ਜਾਂ ਉਨ੍ਹਾਂ ਨੂੰ ਅਸੁਖਾਵਾਂ ਮਹਿਸੂਸ ਕਰਵਾਉਂਦਾ ਹੈ, ਤਾਂ ਉਨ੍ਹਾਂ ਨੂੰ ਤੁਰੰਤ ਉਸ ਨੂੰ ਇੱਕ ਬਾਲਗ ਦੇ ਧਿਆਨ ਵਿੱਚ ਲਿਆਉਣਾ ਚਾਹੀਦਾ ਹੈ; ਅਤੇ
- ਮਾਤਾ-ਪਿਤਾ/ਸਰਪ੍ਰਸਤਾਂ ਨੂੰ ਸਚੇਤ ਹੋਣਾ ਚਾਹੀਦਾ ਹੈ ਅਤੇ ਉਨ੍ਹਾਂ ਵੈੱਬਸਾਇਟਾਂ, ਵੀਡਿਓ ਗੇਮਾਂ ਅਤੇ ਐਪਾਂ ਦੀ ਨਿਗਰਾਨੀ ਕਰਨੀ ਚਾਹੀਦੀ ਜਿਹੜਾ ਉਨ੍ਹਾਂ ਦਾ ਬੱਚਾ ਵਰਤ ਰਿਹਾ ਹੈ, ਇਹ ਯਕੀਨੀ ਬਣਾਉਣ ਲਈ ਕਿ ਉਹ ਉਚਿਤ ਹਨ ਅਤੇ ਸੁਰੱਖਿਅਤ ਢੰਗ ਨਾਲ ਵਰਤੀਆਂ ਜਾਂਦੀਆਂ ਹਨ।

ਹੋਰ ਜਾਣਕਾਰੀ ਲਈ, ਕਿਰਪਾ ਕਰਕੇ ਟੀਡੀਐਸਬੀ ਔਨਲਾਇਨ ਸੇਫਟੀ ਵੈੱਬਪੇਜ ਤੇ ਜਾਓ।

## ਔਨਲਾਇਨ ਲਰਨਿੰਗ ਪਲੈਟਫਾਰਮ ਅਤੇ ਵੈੱਬ ਕਾਨਫਰੰਸਿੰਗ

ਟੀਡੀਐਸਬੀ ਸਿੱਖਿਅਕਾਂ ਨੂੰ ਰਿਮੋਟ ਢੰਗ ਨਾਲ ਵਿਦਿਆਰਥੀਆਂ ਨਾਲ ਜੁੜਨ ਲਈ ਔਨਲਾਇਨ ਲਰਨਿੰਗ ਪਲੈਟਫਾਰਮ ਅਤੇ ਵੀਡਿਓ ਕਾਨਫਰੰਸਿੰਗ ਲਈ ਵਿਕਲਪ ਮੁਹੱਈਆ ਕਰਦਾ ਹੈ। ਇਹ ਵਿਅਕਤੀਗਤ ਸਿੱਖਿਅਕਾਂ ਦਾ ਫੈਸਲਾ ਹੈ ਕਿ ਉਨ੍ਹਾਂ ਦੇ ਆਪਣੇ ਗਿਆਨ ਅਤੇ ਆਰਾਮ ਦੇ ਲੈਵਲ ਤੇ ਅਧਾਰਤ ਹੋਣ ਦੇ ਨਾਲ ਵਿਦਿਆਰਥੀ ਅਤੇ ਪਰਿਵਾਰ ਦੇ ਹਾਲਾਤਾਂ ਤੇ ਵਿਚਾਰ ਕਰਦੇ ਹੋਏ ਕਿਹੜਾ ਪਲੈਟਫਾਰਮ ਵਰਤਣਾ ਹੈ ਅਤੇ ਵਿਦਿਆਰਥੀਆਂ ਅਤੇ ਪਰਿਵਾਰਾਂ ਨੂੰ ਸਭ ਤੋਂ ਵਧੀਆ ਢੰਗ ਨਾਲ ਕਿਵੇਂ ਰੁਝਾਉਣਾ ਹੈ। ਵਿਦਿਆਰਥੀਆਂ ਅਤੇ ਪਰਿਵਾਰਾਂ ਵਾਸਤੇ ਇਹ ਯਾਦ ਰੱਖਣਾ ਮਹੱਤਵਪੂਰਨ ਹੈ ਕਿ ਹਰੇਕ ਕਲਾਸ ਲਈ ਰਿਮੋਟ ਸਿੱਖਿਆ ਵੱਖਰੀ ਹੋਵੇਗੀ ਅਤੇ ਅਧਿਆਪਕ ਦੇ ਪੇਸ਼ੇਵਰ ਨਿਰਣੇ ਤੇ ਅਧਾਰਤ ਹੈ।

ਸਿੱਖਿਅਕਾਂ ਦਾ ਵੀਡਿਓ ਕਾਨਫਰੰਸਿੰਗ ਵਰਤਣ ਲਈ ਸੁਆਗਤ ਹੈ ਪਰ ਉਨ੍ਹਾਂ ਵਲੋਂ ਅਜਿਹਾ ਕਿਤੇ ਜਾਣ ਦੀ ਲੋੜ ਨਹੀਂ ਹੈ। ਸਾਡਾ ਸਾਂਝਾ ਟੀਚਾ ਸਾਰੇ ਵਿਦਿਆਰਥੀਆਂ ਨੂੰ ਰੁਝਾਉਣਾ ਹੈ। ਇਹ ਕਈ ਸਾਰੇ ਵੱਖ ਵੱਖ ਢੰਗਾਂ ਨਾਲ ਅਤੇ ਵੱਖ ਵੱਖ ਰਣਨੀਤੀਆਂ ਅਤੇ ਔਨਲਾਇਨ ਟੂਲ ਵਰਤ ਕੇ ਪੂਰਾ ਕੀਤਾ ਜਾਵੇਗਾ। ਸਾਡੀ ਇਹ ਆਸ ਹੈ ਕਿ ਅਧਿਆਪਕ ਅਤੇ ਕਿੰਡਰਗਾਰਟਨ ਵਿੱਚ ਮਨੋਨੀਤ ਅਰਲੀ ਚਾਇਲਡਹੁੱਡ ਐਜੂਕੇਟਰਾਂ ਦਾ ਉਨ੍ਹਾਂ ਦੇ ਸਾਰੇ ਵਿਦਿਆਰਥੀਆਂ ਦੇ ਨਾਲ ਇਹ ਯਕੀਨੀ ਬਣਾਉਣ ਲਈ ਨਿਯਮਿਤ ਰੁਝਾਓ ਦਾ ਤਰੀਕਾ ਹੋਵੇਗਾ ਕਿ ਵਿਦਿਆਰਥੀ ਸਿੱਖਿਆ ਸੰਬੰਧੀ ਕੰਮਾਂ ਅਤੇ ਸਾਧਨਾਂ ਤੱਕ ਪਹੁੰਚ ਪ੍ਰਾਪਤ ਕਰ ਸਕਦੇ ਹਨ, ਵਿਦਿਆਰਥੀਆਂ ਦੀ ਕੁਸ਼ਲਤਾ ਲਈ ਚੈੱਕ-ਇਨ ਕਰ ਸਕਦੇ ਹਨ ਅਤੇ ਵਿਦਿਆਰਥੀਆਂ ਨੂੰ ਫੀਡਬੈਕ ਮੁਹੱਈਆ ਕਰ ਸਕਦੇ ਹਨ।

ਅਸੀਂ ਮੰਨਦੇ ਹਾਂ ਕਿ ਸਪੈਸ਼ਲ ਐਜੂਕੇਸ਼ਨ ਲੋੜਾਂ ਵਾਲੇ ਵਿਦਿਆਰਥੀਆਂ ਜਾਂ ਅੰਗਰੇਜ਼ੀ ਲੈਂਗੁਏਜ ਲਰਨਰਾਂ ਵਾਲੇ ਪਰਿਵਾਰਾਂ ਨੂੰ ਸਿੱਖਿਆ ਸੰਬੰਧੀ ਵਿਲੱਖਣ ਲੋੜਾਂ ਦਾ ਸਮਰਥਨ ਕਰਨ ਲਈ ਖਾਸ ਤਵੱਜੋ ਦੀ ਲੋੜ ਹੋ ਸਕਦੀ ਹੈ। ਟੀਡੀਐਸਬੀ ਵਿੱਚ ਸਾਡੇ ਸਾਰੇ ਵਿਵਿਧ ਸਿੱਖਣ ਵਾਲਿਆਂ ਦਾ ਸਮਰਥਨ ਕਰਨਾ ਇੱਕ ਪ੍ਰਾਥਮਿਕਤਾ ਹੈ ਅਤੇ ਅਧਿਆਪਕ ਅਤੇ ਈਐਸਐਲ/ਈਐਲਐਲ ਸਟਾਫ ਸਪੈਸ਼ਲ ਐਜੂਕੇਸ਼ਨ ਲੋੜਾਂ ਵਾਲੇ ਉਨ੍ਹਾਂ ਵਿਦਿਆਰਥੀਆਂ ਲਈ ਆਈਈਪੀ (IEP) ਵਿੱਚ ਆਉਟਲਾਈਨ ਕੀਤੀਆਂ ਗਈਆਂ ਖਾਸ ਤਾਕਤਾਂ ਅਤੇ ਲੋੜਾਂ ਦੇ ਅਧਾਰ ਤੇ ਵਿਦਿਆਰਥੀ ਪ੍ਰੋਗਰਾਮਿੰਗ ਨੂੰ ਨਿਜੀ ਬਣਾਉਣ ਲਈ ਸਕੂਲ ਦੇ ਦੂਸਰੇ ਸਟਾਫ ਨਾਲ ਸਹਿਯੋਗ ਕਰਨਾ ਜਾਰੀ ਰੱਖ ਰਹੇ ਹਨ ਜਿਹੜੇ ਓਨਟੈਰਿਓ ਪਾਠਕ੍ਰਮ ਜਾਂ ਬਦਲਵੇਂ ਪਾਠਕ੍ਰਮ ਤੱਕ ਪਹੁੰਚ ਪ੍ਰਾਪਤ ਕਰ ਰਹੇ ਹਨ ਜਾਂ ਜਿਹੜੇ ਅੰਗਰੇਜ਼ੀ ਲੈਂਗੁਏਜ ਲਰਨਰ ਹਨ। ਪਰਿਵਾਰਾਂ ਨੂੰ ਸਿੱਖਿਆ ਦਾ ਸਮਰਥਨ ਕਰਨ ਵਾਸਤੇ ਸਾਧਨਾਂ ਅਤੇ ਪੂਰਕ ਟੂਲਾਂ ਤੱਕ ਪਹੁੰਚ ਪ੍ਰਾਪਤ ਕਰਨ ਲਈ ਸਪੈਸ਼ਲ ਐਜੂਕੇਸ਼ਨ ਰਿਸੋਰਸਿਜ਼ ਜਾਂ ਈਐਸਐਲ ਰਿਸੋਰਸਿਜ਼ ਸਫੇ ਤੇ ਜਾਣ ਲਈ ਉਤਸ਼ਾਹਤ ਕੀਤਾ ਜਾਂਦਾ ਹੈ।

## ਵਿਦਾਰਥੀਆਂ ਨੂੰ ਡਿਵਾਇਸਾਂ ਦਾ ਵਿਤਰਨ

ਰਿਮੋਟ ਸਿੱਖਿਆ ਤੱਕ ਪਹੁੰਚ ਪ੍ਰਾਪਤ ਕਰਨ ਲਈ ਡਿਵਾਇਸ ਦੀ ਲੋੜ ਵਾਲੇ ਵਿਦਿਆਰਥੀਆਂ ਦੀ ਸਹਾਇਤਾ ਕਰਨ ਲਈ, ਅਸੀਂ ਵਿਦਿਆਰਥੀਆਂ ਨੂੰ ਲੋਨ ਤੇ ਡਿਵਾਇਸ ਦੇਣ ਦੇ ਬੰਦੋਬਸਤ ਕੀਤੇ ਹਨ। ਜਿਵੇਂ ਕਿ ਤੁਸੀਂ ਕਲਪਨਾ ਕਰ ਸਕਦੇ ਹੋ, ਸਾਨੂੰ ਵੱਡੀ ਸੰਖਿਆ ਵਿੱਚ ਬੇਨਤੀਆਂ ਪ੍ਰਾਪਤ ਹੋਈਆਂ ਹਨ - ਲਗਭਗ 29,000 ਪਰਿਵਾਰਾਂ ਨੂੰ ਡਿਵਾਇਸਾਂ ਦੀ ਲੋੜ ਹੈ - ਪਰੰਤੂ ਸਟਾਫ ਜਿੰਨੀ ਜਲਦੀ ਸੰਭਵ ਹੋਵੇ ਇੰਨ੍ਹਾਂ ਡਿਵਾਇਸਾਂ ਨੂੰ ਤਿਆਰ ਕਰਨ ਅਤੇ ਵੰਡਣ ਲਈ ਦਿਨ ਅਤੇ ਰਾਤ ਕੰਮ ਕਰ ਰਿਹਾ ਹੈ। ਅਸੀਂ ਇਹ ਯਕੀਨੀ ਬਣਾਉਣ ਲਈ

ਇੰਨ੍ਹਾਂ ਡਿਵਾਇਸਾਂ ਨੂੰ ਸਿੱਧੇ ਸਾਡੇ ਵਿਦਿਆਰਥੀਆਂ ਦੇ ਘਰਾਂ ਤੱਕ ਡਿਲਿਵਰ ਕਰਵਾਉਣ ਦਾ ਫੈਸਲਾ ਕੀਤਾ ਹੈ ਕਿ ਪਰਿਵਾਰ ਸੁਰੱਖਿਅਤ ਢੰਗ ਨਾਲ ਘਰ ਰਹਿ ਸਕਣ। ਇਸ ਵਿਕਲਪ ਵਿੱਚ ਵੱਧ ਸਮਾਂ ਲਗੇਗਾ, ਪਰ ਸਾਡੇ ਭਾਈਚਾਰਿਆਂ ਦੀ ਸੁਰੱਖਿਆ ਸਾਡੀ ਮੁੱਖ ਪ੍ਰਾਥਮਿਕਤਾ ਹੈ।
ਜੇ ਤੁਹਾਡਾ ਬੱਚਾ ਡਿਵਾਇਸ ਪ੍ਰਾਪਤ ਕਰਦਾ ਹੈ, ਤਾਂ ਅਸੀਂ ਤਕਨੀਕੀ ਮੁੱਦਿਆਂ ਵਾਲੇ ਪਰਿਵਾਰਾਂ ਦੀ ਸਹਾਇਤਾ ਕਰਾਂਗੇ। ਅਸੀਂ ਡਿਵਾਇਸ ਦੀ ਡਿਲਿਵਰੀ ਦੇ ਨਾਲ ਇਹ ਜਾਣਕਾਰੀ ਸ਼ਾਮਲ ਕਰਦੇ ਹਾਂ। ਡਿਵਾਇਸ ਸੰਬੰਧੀ ਸਮੱਸਿਆਵਾਂ ਬਾਰੇ ਰਿਪੋਰਟ ਕਰਨ ਲਈ ਵਿਦਿਆਰਥੀ ਆਪਣੇ ਅਧਿਆਪਕਾਂ ਨਾਲ ਵੀ ਜੁੜ ਸਕਦੇ ਹਨ।

ਅਸੀਂ ਇਹ ਵੀ ਯਕੀਨੀ ਬਣਾਉਣਾ ਚਾਹੁੰਦੇ ਹਾਂ ਕਿ ਸਪੈਸ਼ਲ ਐਜੁਕੇਸ਼ਨ ਲੋੜਾਂ ਵਾਲੇ ਵਿਦਿਆਰਥੀਆਂ ਨੂੰ ਰਿਮੋਟ ਸਿੱਖਿਆ ਵਿੱਚ ਸਹਾਇਤਾ ਕਰਨ ਲਈ ਸਪੈਸ਼ਲ ਐਜੁਕੇਸ਼ਨ ਅਮਾਉਂਟ (ਐਸਈਏ) ਸਾਜ਼ੋ ਸਮਾਨ ਤੱਕ ਪਹੁੰਚ ਵੀ ਪ੍ਰਾਪਤ ਹੈ। ਪਰਿਵਾਰ ਅਤੇ ਸਕੂਲ ਇਹ ਸੁਨਿਸ਼ਚਿਤ ਕਰਨ ਲਈ ਸਪੈਸ਼ਲ ਐਜੁਕੇਸ਼ਨ ਐਸਈਏ ਟੀਮ, ਓਟੀ/ਪੀਟੀ ਟੀਮ ਅਤੇ ਆਈਟੀ ਟੀਮ ਨਾਲ ਸਹਿਯੋਗ ਕਰਨਗੇ ਕਿ ਵਿਦਿਆਰਥੀਆਂ ਨੂੰ ਕ੍ਰੋਮਬੁੱਕਾਂ ਜਾਂ ਵਿਸ਼ਿਸ਼ਟ ਅਤੇ ਵਿਸ਼ੇਸ਼ ਸਾਜ਼ੋ ਸਮਾਨ ਡਿਲਿਵਰ ਕੀਤਾ ਜਾਂਦਾ ਹੈ।

## ਵਿਦਿਆਰਥੀ ਮੁਲਾਂਕਣ

ਮੈਂ ਜਾਣਦਾ ਹਾਂ ਕਿ ਇਹ ਜਾਣਕਾਰੀ ਪਹਿਲਾਂ ਤੁਹਾਡੇ ਨਾਲ ਸਾਂਝੀ ਕੀਤੀ ਗਈ ਹੈ, ਪਰ ਮਹੱਤਵਪੂਰਨ ਹੈ ਕਿ ਤੁਸੀਂ ਅਤੇ ਤੁਹਾਡਾ ਬੱਚਾ ਰਿਮੋਟ ਸਿੱਖਿਆ ਵਾਸਤੇ ਮੁਲਾਂਕਣ ਕਿਰਿਆ ਨੂੰ ਸਮਝੋ:

**ਐਲੀਮੈਂਟਰੀ ਵਿਦਿਆਰਥੀਆਂ** ਲਈ, ਅਧਿਆਪਕ ਵਿਦਿਆਰਥੀ ਸਿੱਖਿਆ ਦੇ ਪ੍ਰਮਾਣ ਇਕੱਠੇ ਕਰਨ ਲਈ ਪਹੁੰਚਾਂ ਵਰਤਣਗੇ ਅਤੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਪ੍ਰਗਤੀ ਬਾਰੇ ਅਰਥਪੂਰਣ ਫੀਡਬੈਕ ਮੁਹੱਈਆ ਕਰਨਗੇ। ਇੱਕ ਵਿਸ਼ੇ ਖੇਤਰ ਵਿੱਚ ਫਾਇਨਲ ਗ੍ਰੇਡ ਨਿਰਧਾਰਤ ਕਰਨ ਵੇਲੇ ਅਧਿਆਪਕ, ਬੰਦ ਦੀ ਅਵਧੀ ਦੇ ਦੌਰਾਨ, ਸਿੱਖਣ ਵਿੱਚ ਮਹੱਤਵਪੂਰਨ ਸੁਧਾਰ ਦੇ ਪ੍ਰਮਾਣਾਂ ਤੇ ਵਿਚਾਰ ਕਰ ਸਕਦਾ ਹੈ। ਵਰਨਾ, ਗ੍ਰੇਡ 1 ਤੋਂ 8 ਦੇ ਵਿਦਿਆਰਥੀਆਂ ਨੂੰ 13 ਮਾਰਚ, 2020 ਨੂੰ ਸਕੂਲ ਬੰਦ ਹੋਣ ਤੱਕ ਉਨ੍ਹਾਂ ਦੀ ਸਿੱਖਣ ਦੇ ਅਧਾਰ ਤੇ ਪ੍ਰਾਪਤ ਕੀਤੇ ਗਏ ਗ੍ਰੇਡ ਦਿੱਤੇ ਜਾਣਗੇ। ਸਾਰੇ ਵਿਦਿਆਰਥੀ, ਕਿੰਡਰਗਾਰਟਨ ਤੋਂ ਗ੍ਰੇਡ 8, ਜੂਨ ਦਾ ਰਿਪੋਰਟ ਕਾਰਡ ਪ੍ਰਾਪਤ ਕਰਨਗੇ।

ਓਨਟੈਰਿਓ ਯੂਨੀਵਰਸਿਟੀਜ਼ ਐਪਲੀਕੇਸ਼ਨ ਸੈਂਟਰ (Ontario Universities' Application Centre)(OUAC) ਅਤੇ ਓਨਟੈਰਿਓ ਕਾਲਜ ਐਪਲੀਕੇਸ਼ਨ ਸਰਵਿਸ (ਓਕੈਸ) (Ontario College Application Service (OCAS) ਨੂੰ ਗ੍ਰੇਡ ਰਿਪੋਰਟ ਕਰਨ ਦੀ ਅੰਤਿਮ ਮਿਤੀ ਨੂੰ ਪੂਰਾ ਕਰਨ ਲਈ 27 ਅਪ੍ਰੈਲ ਤੱਕ ਸਿਰਫ **ਗ੍ਰੇਡ 12 ਦੇ ਵਿਦਿਆਰਥੀਆਂ** ਲਈ ਮਿਡ - ਟਰਮ ਮਾਰਕਸ ਐਂਟਰ ਕੀਤੇ ਜਾਣਗੇ। ਮਾਰਕਸ 13 ਮਾਰਚ, 2020 ਤੱਕ ਕੀਤੇ ਗਏ ਕੰਮ ਨੂੰ ਝਲਕਾਉਣਗੇ (ਸਮੈਸਟਰ ਵਾਲੇ ਸਕੂਲਾਂ ਲਈ ਸਮੈਸਟਰ ਦੀ ਸ਼ੁਰੂਆਤ ਤੋਂ, ਜਾਂ ਗੈਰ-ਸਮੈਸਟਰ ਸਕੂਲਾਂ ਲਈ ਅਖੀਰਲੇ ਸੂਬਾਈ ਰਿਪੋਰਟ ਕਾਰਡ ਤੋਂ )। ਪਰੰਤੂ, ਅਧਿਆਪਕ ਉਹ ਅਸਾਇਨਮੈਂਟਾਂ ਸਵੀਕਾਰ ਕਰ ਸਕਦੇ ਹਨ ਜਿਹੜੀਆਂ 13 ਮਾਰਚ ਤੋਂ ਪਹਿਲਾਂ ਡਿਊ ਸੀ ਅਤੇ ਉਹ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਸਿੱਖਿਆ ਦਰਸ਼ਾਉਣ

ਵਾਸਤੇ ਮੌਕੇ ਦੇਣ ਲਈ 6 ਅਪ੍ਰੈਲ ਤੋਂ ਬਾਅਦ ਇੱਕ ਵਾਧੂ ਅਸਾਇਨਮੈਂਟ ਨਿਰਧਾਰਤ ਕਰ ਸਕਦੇ ਹਨ। ਇੰਨ੍ਹਾਂ ਅਸਾਇਨਮੈਂਟਾਂ ਤੇ ਮਿਡ - ਟਰਮ ਮਾਰਕ ਵਲ ਤਾਂ ਹੀ ਵਿਚਾਰ ਕੀਤਾ ਜਾਵੇਗਾ ਜੇਕਰ ਉਹ ਉਨ੍ਹਾਂ ਦੇ 13 ਮਾਰਚ ਦੇ ਮਾਰਕ ਨੂੰ ਸੁਧਾਰਦੇ ਹਨ।

**ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਲਈ**,ਅਧਿਆਪਕ ਰਿਮੋਟ ਸਿੱਖਿਆ ਦੇ ਦੌਰਾਨ ਕੰਮ, ਪ੍ਰਾਜੈਕਟ ਅਤੇ ਸਮਾਪਤ ਕਰਨ ਵਾਲੀਆਂ ਗਤੀਵਿਧੀਆਂ ਨਿਰਧਾਰਤ ਕਰਨਗੇ ਅਤੇ ਫੀਡਬੈਕ ਮੁਹੱਈਆ ਕਰਨਗੇ; ਪਰ ਇਸ ਕੰਮ ਤੇ ਫਾਇਨਲ ਮਾਰਕਸ ਲਈ ਤਾਂ ਹੀ ਵਿਚਾਰ ਕੀਤਾ ਜਾਵੇਗਾ ਜੇ ਉਹ ਵਿਦਿਆਰਥੀ ਦਾ ਮਾਰਕ ਸੁਧਾਰਦੇ ਹਨ। ਜੇ ਅਜਿਹਾ ਨਹੀਂ ਹੁੰਦਾ, ਤਾਂ ਜੂਨ ਵਿੱਚ ਜੰਮ੍ਹਾਂ ਕੀਤੇ ਗਏ ਫਾਇਨਲ ਮਾਰਕਸ 13 ਮਾਰਚ, 2020 ਤੱਕ ਪੂਰੇ ਕੀਤੇ ਗਏ ਕੰਮ ਨੂੰ ਝਲਕਾਉਣਗੇ।

ਅਸੀਂ ਸਮਝਦੇ ਹਾਂ ਕਿ ਪਰਿਵਾਰ ਸਿੱਖਿਆ ਵਿੱਚ ਉਨ੍ਹਾਂ ਫਾਸਲਿਆਂ ਬਾਰੇ ਚਿੰਤਤ ਹੋ ਸਕਦੇ ਹਨ ਜਿਹੜੇ ਰਿਮੋਟ ਸਿੱਖਿਆ ਦੇ ਦੌਰਾਨ ਬਣ ਸਕਦੇ ਹਨ। ਜਦੋਂ ਸਕੂਲ ਬੰਦ ਹੋਣ ਦੀ ਅਵਧੀ ਖਤਮ ਹੋ ਜਾਂਦੀ ਹੈ ਅਤੇ ਅਗਲੀ ਫੌਲ ਵਿੱਚ, ਅਸੀਂ ਹਰੇਕ ਵਿਦਿਆਰਥੀ ਦੀਆਂ ਸਿੱਖਣ ਸੰਬੰਧੀ ਲੋੜਾਂ ਨੂੰ ਸਮਝਣ ਅਤੇ ਜਿਥੇ ਲੋੜ ਹੋਵੇ ਉਚਿਤ ਦਖ਼ਲ ਮੁਹੱਈਆ ਕਰਨ ਪ੍ਰਤੀ ਬਹੁਤ ਚੇਤੰਨ ਰਹਾਂਗੇ।

ਸਾਰੇ ਵਿਦਿਆਰਥੀਆਂ ਨੂੰ ਔਨਲਾਇਨ ਜਾਂ ਪ੍ਰਿੰਟ ਕੀਤੇ ਹੋਏ ਸਾਧਨਾਂ ਰਾਹੀਂ ਸਿੱਖਿਆ ਤੱਕ ਪਹੁੰਚ ਪ੍ਰਾਪਤ ਕਰਨ ਦੇ ਕਾਬਲ ਹੋਣਾ ਚਾਹੀਦਾ ਹੈ। ਇਹ ਦੇਖਦੇ ਹੋਏ ਕਿ ਅਸੀਂ ਅਗਲੇ ਕੁਝ ਮਹੀਨਿਆਂ ਵਿੱਚ ਨੰਬਰਾਂ ਦੇ ਸੰਬੰਧ ਵਿੱਚ ਕਿਵੇਂ ਅਗੇ ਵੱਧ ਰਹੇ ਹਾਂ ਸੰਭਵ ਹੈ ਕਿ ਕੁਝ ਵਿਦਿਆਰਥੀ ਸਿੱਖਿਆ ਨੂੰ ਜਾਰੀ ਰੱਖਣ ਲਈ ਉਤਸ਼ਾਹੀ ਨਾ ਹੋਣ, ਪਰ ਅਸੀਂ ਵਿਦਿਆਰਥੀਆਂ ਨੂੰ ਜਦੋਂ ਵੀ ਸੰਭਵ ਹੋਵੇ ਉਨ੍ਹਾਂ ਦੀ ਸਿੱਖਿਆ ਵਿੱਚ ਸ਼ਾਮਲ ਰਹਿਣ ਲਈ ਕਹਿੰਦੇ ਹਾਂ। ਇਹ ਵਿਦਿਆਰਥੀਆਂ ਦੀ ਸਹਾਇਤਾ ਕਰੇਗਾ ਜਦੋਂ ਅਸੀਂ ਨਿਯਮਿਤ ਕਲਾਸਰੂਮ ਸੈਟਿੰਗ ਅਤੇ ਸਕੂਲ ਵਾਤਾਵਰਨ ਵਿੱਚ ਵਾਪਸ ਪਰਤਣ ਦੇ ਕਾਬਲ ਹੁੰਦੇ ਹਾਂ। ਜੇ ਇੱਕ ਵਿਦਿਆਰਥੀ ਘਰ ਵਿੱਚ ਸਿੱਖਿਆ ਜਾਰੀ ਰੱਖਣ ਵਿੱਚ ਭਾਗ ਲੈਣ ਵਿੱਚ ਅਸਮਰਥ ਮਹਿਸੂਸ ਕਰਦਾ ਹੈ, ਤਾਂ ਵੀ ਅਸੀਂ ਆਖਦੇ ਹਾਂ ਕਿ ਉਹ ਆਪਣੇ ਸਕੂਲ ਨਾਲ ਜੁੜੇ ਹੋਏ ਅਤੇ ਉਨ੍ਹਾਂ ਦੇ ਅਧਿਆਪਕ ਨਾਲ ਸੰਪਰਕ ਵਿੱਚ ਰਹਿਣ।

## ਫੀਲਡ ਟ੍ਰਿਪ, ਗਰੈਜੁਏਸ਼ਨ ਸਮਾਰੋਹ ਅਤੇ ਦੂਸਰੇ ਸਮਾਗਮ

ਸਾਨੂੰ ਆਉਣ ਵਾਲੇ ਫੀਲਡ ਟ੍ਰਿਪਾਂ, ਗਰੈਜੁਏਸ਼ਨ ਸਮਾਰੋਹਾਂ, ਪ੍ਰੋਮਾਂ ਅਤੇ ਕਈ ਸਾਰੀਆਂ ਹੋਰ ਗਤੀਵਿਧੀਆਂ ਬਾਰੇ ਸਵਾਲ ਪੁੱਛੇ ਗਏ ਹਨ। ਅਗੇ ਆਉਣ ਵਾਲੇ ਹਫਤਿਆਂ ਬਾਰੇ ਅਨਿਸ਼ਚਿਤਤਾ ਦੇ ਚਲਦੇ, ਅਸੀਂ ਬਾਕੀ ਰਹਿੰਦੇ ਸਕੂਲੀ ਸਾਲ ਵਾਸਤੇ ਸਾਰੇ ਫੀਲਡ ਟ੍ਰਿਪ ਅਤੇ ਓਵਰਨਾਇਟ ਟ੍ਰਿਪ ਰੱਦ ਕਰਨ ਦਾ ਮੁਸ਼ਕਲ ਫੈਸਲਾ ਕੀਤਾ ਹੈ। ਬਾਕੀ ਸਾਰੀਆਂ ਗਤੀਵਿਧੀਆਂ, ਜਿਵੇਂ ਕਿ ਗਰੈਜੁਏਸ਼ਨ ਸਮਾਰੋਹਾਂ ਅਤੇ ਪ੍ਰੋਮਾਂ, ਦੇ ਸੰਬੰਧ ਵਿੱਚ ਅਸੀਂ ਬਹੁਤ ਜਲਦੀ ਇੰਨ੍ਹਾਂ ਵੇਰਵਿਆਂ ਦੀ ਪੁਸ਼ਟੀ ਕਰਨ ਲਈ ਕੰਮ ਕਰ ਰਹੇ ਹਾਂ।

## ਮਾਨਸਿਕ ਸਿਹਤ ਸੰਬੰਧੀ ਸਾਧਨ

ਅਸੀਂ ਸਮਝਦੇ ਹਾਂ ਕਿ ਅਨੇਕ ਪਰਿਵਾਰਾਂ ਲਈ ਇਹ ਇੱਕ ਚੁਣੌਤੀਪੂਰਨ ਸਮਾਂ ਹੈ ਅਤੇ ਇਕੱਲਤਾ ਮਾਨਸਿਕ ਸਿਹਤ ਅਤੇ ਕੁਸ਼ਲਤਾ ਨੂੰ ਪ੍ਰਭਾਵਿਤ ਕਰ ਸਕਦੀ ਹੈ। ਜੇ ਲੋੜ ਹੋਵੇ, ਤਾਂ ਕਿਰਪਾ ਕਰਕੇ ਸਾਡੇ ਮਾਨਸਿਕ ਸਿਹਤ ਅਤੇ ਕੁਸ਼ਲਤਾ (Mental Health and Well-being) ਵੈੱਬਪੇਜ ਤੇ ਸਵੈ-ਸਹਾਇਤਾ (self-help) ਅਤੇ ਸੇਵਾ ਪ੍ਰਦਾਤਾਵਾਂ ਬਾਰੇ ਉਪਲਬਧ ਬਹੁਮੁੱਲੀ ਜਾਣਕਾਰੀ ਤੱਕ ਪਹੁੰਚ ਪ੍ਰਾਪਤ

Toronto District School Board

ਕਰੋ। ਇਹ ਮਹੱਤਵਪੂਰਨ ਹੈ ਕਿ ਅਸੀਂ ਆਪਣੇ ਭਾਈਚਾਰਿਆਂ ਨੂੰ ਸਰੀਰਕ ਅਤੇ ਮਾਨਸਿਕ ਦੋਵੇਂ ਤੌਰ ਤੇ ਸੁਰੱਖਿਅਤ ਰਹਿਣ ਵਿੱਚ ਸਹਾਇਤਾ ਕਰਨ ਲਈ ਇਕੱਠੇ ਕੰਮ ਕਰੀਏ।

## ਅਸੀਂ ਸਾਡੇ ਪਰਿਵਾਰਾਂ ਦੀ ਸਹਾਇਤਾ ਕਰਾਂਗੇ

ਮੈਂ ਇਸ ਗੱਲ ਤੇ ਬਲ ਦੇਣਾ ਚਾਹਵਾਂਗਾ ਕਿ ਮੈਂ ਤੁਹਾਡੀ ਸਹਿਭਾਗਿਤਾ ਅਤੇ ਧੀਰਜ ਦੀ ਕਿੰਨੀ ਪ੍ਰਸ਼ੰਸਾ ਕਰਦਾ ਹਾਂ। ਆਪਣੇ ਬੱਚੇ ਦੀ ਸਿੱਖਿਆ ਅਤੇ ਟੋਰੋਂਟੋ ਡਿਸਟ੍ਰਿਕਟ ਸਕੂਲ ਬੋਰਡ ਵਿੱਚ ਸਾਰੇ ਵਿਦਿਆਰਥੀਆਂ ਦੀ ਸਿੱਖਿਆ ਲਈ ਤੁਹਾਡੇ ਨਿਰੰਤਰ ਜਾਰੀ ਸਹਾਰੇ ਅਤੇ ਵਚਨਬੱਧਤਾ ਵਾਸਤੇ ਧੰਨਵਾਦ। ਅਸੀਂ ਜਾਣਦੇ ਹਾਂ ਕਿ ਰਾਹ ਵਿੱਚ ਰੋੜੇ ਅਤੇ ਫੇਰ - ਬਦਲ ਆਉਣਗੇ, ਪਰ ਅਸੀਂ ਇਕੱਠੇ ਇੰਨ੍ਹਾਂ ਚੁਣੌਤੀਆਂ ਨੂੰ ਪਰਾਜਿਤ ਕਰਾਂਗੇ। ਇਸ ਵੇਲੇ ਜੋ ਸਭ ਤੋਂ ਵੱਧ ਮਹੱਤਵਪੂਰਨ ਹੈ ਉਹ ਇਹ ਹੈ ਕਿ ਇਸ ਮੁਸ਼ਕਲ ਸਮੇਂ ਦੇ ਦੌਰਾਨ ਤੁਸੀਂ ਅਤੇ ਤੁਹਾਡਾ ਪਰਿਵਾਰ ਸੁਰੱਖਿਅਤ ਰਹਿੰਦੇ ਹੋ।

ਜੇ ਤੁਹਾਡੇ ਕੋਈ ਸਵਾਲ ਹਨ, ਤਾਂ ਕਿਰਪਾ ਕਰਕੇ ਆਪਣੇ ਬੱਚੇ ਦੇ ਅਧਿਆਪਕ ਨੂੰ ਸਿੱਧੇ ਈਮੇਲ ਕਰੋ। ਜੇ ਹੋਰ ਸਹਾਇਤਾ ਦੀ ਲੋੜ ਹੈ, ਤਾਂ ਕਿਰਪਾ ਕਰਕੇ ਸਕੂਲ ਦੇ ਪ੍ਰਿੰਸੀਪਲ ਨਾਲ ਸੰਪਰਕ ਕਰੋ। ਜੇ ਤੁਹਾਡਾ ਸਕੂਲ ਤੇ ਅਧਾਰਤ ਸਵਾਲ ਹੈ, ਪਰ ਤੁਹਾਡੇ ਕੋਲ ਈਮੇਲ ਤੱਕ ਪਹੁੰਚ ਨਹੀਂ ਹੈ, ਕਿਰਪਾ ਕਰਕੇ ਆਪਣੇ ਸਕੂਲ ਨੂੰ ਫੋਨ ਕਰੋ, ਸੁਨੇਹਾ ਛੱਡੋ ਅਤੇ ਜਿੰਨੀ ਜਲਦੀ ਸੰਭਵ ਹੋਵੇਗਾ ਕੋਈ ਤੁਹਾਡੀ ਕਾਲ ਦਾ ਜਵਾਬ ਦੇਵੇਗਾ। ਜੇ ਤੁਹਾਡਾ ਸਿਸਟਮ ਤੇ ਅਧਾਰਤ ਸਵਾਲ ਹੈ, ਤਾਂ ਕਿਰਪਾ ਕਰਕੇ ਆਪਣੇ ਸੁਪਰਡੰਟ ਨੂੰ ਈਮੇਲ ਕਰੋ। ਜੇ ਤੁਹਾਡੇ ਕੋਲ ਈਮੇਲ ਤੱਕ ਪਹੁੰਚ ਨਹੀਂ ਹੈ, ਕਿਰਪਾ ਕਰਕੇ ਆਪਣੇ ਸੁਪਰਡੰਟ ਦੇ ਆਫਿਸ ਨੂੰ ਫੋਨ ਕਰੋ, ਸੁਨੇਹਾ ਛੱਡੋ ਅਤੇ ਜਿੰਨੀ ਜਲਦੀ ਸੰਭਵ ਹੋਵੇਗਾ ਕੋਈ ਤੁਹਾਡੀ ਕਾਲ ਦਾ ਜਵਾਬ ਦੇਵੇਗਾ। ਆਪਣੇ ਸਕੂਲ ਲਈ ਸੰਪਰਕ ਜਾਣਕਾਰੀ ਵਾਸਤੇ, ਕਿਰਪਾ ਕਰਕੇ, ਫਾਇੰਡ ਯੌਰ ਸਕੂਲ ਵੈੱਬਪੇਜ ਤੇ ਜਾਓ। ਹਮੇਸ਼ਾਂ ਦੀ ਤਰ੍ਹਾਂ, ਤਾਜ਼ਾ ਅੱਪਡੇਟਾਂ ਵਾਸਤੇ, ਕਿਰਪਾ ਕਰਕੇ ਟੀਡੀਐਸਬੀ ਵੈੱਬਸਾਇਟਤੇ ਜਾਓ।

ਇੱਕ ਵਾਰੀ ਫਿਰ, ਕਿਰਪਾ ਕਰਕੇ ਆਪਣਾ ਅਤੇ ਆਪਣੇ ਪਰਿਵਾਰ ਦਾ ਖਿਆਲ ਰੱਖੋ।

ਦਿਲੋਂ,

John Malloy
Director of Education